Generated by Foxit PDF Creator © Foxit Software
http://www.foxitsoftware.com For evaluation only.

98152-04186

# ਪਰਵਾਸੀ-ਕਵਿਤਰੀ ਅਮਰ ਜਿਉਤੀ ਦੀ ਕਾਵਿ ਰਚਨਾ ਤੇ ਮਿਥ

**ਕੰਵਲਜੀਤ ਸਿੰਘ**

ਪਰਵਾਸੀ ਪੰਜਾਬੀ ਕਵਿਤਰੀਆਂ ਵਿਚ ਅਮਰ ਜਿਉਤੀ ਦਾ ਮਹੱਤਵਪੂਰਨ ਸਥਾਨ ਹੈ। ਸ. ਇੰਦਰ ਸਿੰਘ ਰਾਜ, ਪਿੰਡ ਜੋਧਾਨਗਰੀ ਜ਼ਿਲ੍ਹਾ ਅੰਮ੍ਰਿਤਸਰ ਦੇ ਘਰ 24 ਮਾਰਚ 1949 ਨੂੰ ਜਨਮੀ ਇਹ ਧੀ ਆਪਣੀ ਵਿਰਾਸਤ ਨੂੰ ਨੀਦਰਲੈਂਡ ਦੀ ਧਰਤੀ ਤੱਕ ਲੈ ਕੇ ਗਈ ਹੈ। ਵਿਸ਼ੇਸ਼ ਵਿਅਕਤੀਤਵ ਦੀ ਮਾਲਕ ਤੇ ਸਾਹਿਤਕ ਰੁਚੀਆਂ ਵਾਲੀ ਇਹ ਸ਼ਖ਼ਸੀਅਤ ਸਾਲ 1973 ਤੋਂ 1981 ਤੱਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੈਗਜ਼ੀਨ 'ਪੰਖੜੀਆਂ' ਦੀ ਸੰਪਾਦਕ ਰਹੀ ਹੈ। ਉਸਦੇ ਚਾਰ ਕਾਵਿ ਸੰਗ੍ਰਹਿ 'ਮਾਰੂਥਲ ਵਿਚ ਤੁਰਦੇ ਪੈਰ' (1985), 'ਮੈਨੂੰ ਸੀਤਾ ਨਾ ਕਹੋ' (1988), 'ਦਰੋਪਦੀ ਤੋਂ ਦੁਰਗਾ' (1990) ਅਤੇ 'ਖ਼ਾਮੋਸ਼ੀ ਦੀ ਆਵਾਜ਼' (1998) ਛੱਪ ਚੁੱਕੇ ਹਨ। ਇਹਨਾਂ ਕਾਵਿ-ਸੰਗ੍ਰਹਿਆਂ ਨਾਲ ਉਸਦੀ ਪ੍ਰਤਿਭਾ ਨਿੱਖਰ ਕੇ ਸਾਹਮਣੇ ਆਈ ਹੈ। ਉਹ ਸਾਹਿਤ ਦੇ ਕਈ ਰੂਪਾਂ ਉੱਪਰ ਕਲਮ-ਅਜ਼ਮਾਈ ਕਰਨ ਵਾਲੀ ਲੇਖਕਾ ਹੈ ਪਰੰਤੂ ਉਸਦੀ ਪ੍ਰਤਿਭਾ ਦਾ ਅਸਲ ਜਲਵਾ ਕਵਿਤਾ ਰਾਹੀਂ ਹੀ ਪ੍ਰਗਟ ਹੋਇਆ ਹੈ। 'Indian Literature and Cultural Society' ਨੀਦਰਲੈਂਡ ਵੱਲੋਂ ਅਮਰ ਜਿਉਤੀ ਨੂੰ 1985 dry One World Poetry ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਆਪਾ, ਕਨੇਡਾ ਵੱਲੋਂ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ ਐਵਾਰਡ 1998 ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਬਦੇਸ਼ੀ) 2000 ਨਾਲ ਸਨਮਾਨਿਤ ਕੀਤਾ ਗਿਆ।

ਉਸਦੀ ਪ੍ਰਤਿਭਾ ਨੇ ਪੰਜਾਬੀ ਕਾਵਿ-ਜਗਤ ਅਤੇ ਕਾਵਿ-ਆਲੋਚਨਾ ਦੇ ਜਗਤ ਨੂੰ ਪ੍ਰਭਾਵਿਤ ਕੀਤਾ ਹੈ। ਕਿਸੇ ਵੀ ਸ਼ਾਇਰ ਲਈ ਤੱਤਕਾਲੀ ਆਲੋਚਕਾਂ ਅਤੇ ਸਮਕਾਲੀ ਸਾਹਿਤਕਾਰਾਂ ਦੁਆਰਾ ਪਛਾਣਿਆਂ ਜਾਣਾ ਜ਼ਰੂਰੀ ਹੁੰਦਾ ਹੈ। ਸਤਿੰਦਰ ਸਿੰਘ ਨੂਰ ਅਨੁਸਾਰ "ਉਸਦਾ ਸਮੁੱਚੇ ਕਾਵਿ ਕੇਵਲ ਵਿਦੇਸ਼ਾਂ ਵਿਚ ਲਿਖੇ ਜਾ ਰਹੇ ਪੰਜਾਬੀ ਕਾਵਿ ਵਿਚ ਹੀ ਨਹੀਂ, ਸਗੋਂ ਚਰਚਾ ਦੇ ਪ੍ਰਵਾਹ ਵਿਚ ਕੀਤਾ ਜਾਂਦਾ ਹੈ।"[1] ਇਕ ਇਸਤਰੀ ਲੇਖਿਕਾ ਲਈ ਦੂਸਰੀ ਇਸਤਰੀ ਲੇਖਕਾ ਦੀ ਟਿੱਪਣੀ ਹੈ ਕਿ "ਉਸਨੂੰ ਜੁਗਨੂੰ ਤੋਂ ਸਿਤਾਰਾ ਬਣਦਿਆਂ ਵੇਖ ਕੇ ਮੈਨੂੰ ਖ਼ੁਸ਼ੀ ਹੁੰਦੀ ਹੈ", ਅਤੇ ਇਹ ਵੀ ਕਿ "ਅਮਰ ਜਿਉਤੀ ਨੇ ਪੰਜਾਬੀ ਸਾਹਿਤ ਨੂੰ ਕਿੰਨੀਆਂ ਨਵੀਆਂ ਡਾਇਮੈਨਸ਼ਨਜ਼ ਦਿੱਤੀਆਂ ਹਨ।"[2] ਪਰਵਾਸੀ ਪੰਜਾਬੀ ਸਾਹਿਤਕਾਰ ਜਿਥੇ ਪਰਵਾਸ ਦੇ ਮਸਲਿਆਂ ਨੂੰ ਆਪਣੇ ਸਾਹਿਤ ਦਾ ਵਿਸ਼ਾ ਬਣਾਉਂਦੇ ਹਨ ਉਥੇ ਉਹ ਵਿਸ਼ਵ-ਪੱਧਰ ਤੇ ਚੱਲ ਰਹੇ ਚਿੰਤਨ ਨਾਲ ਵੀ ਨਿਰੰਤਰ ਵਾਬਸਤਾ ਰਹਿੰਦੇ ਹਨ। ਡਾ. ਹਰਚੰਦ ਸਿੰਘ ਬੇਦੀ ਅਨੁਸਾਰ 'ਮਾਰੂਥਲ ਵਿਚ ਤੁਰਦੇ ਪੈਰ' ਕਾਵਿ-ਸੰਗ੍ਰਹਿ ਵਿਚ ਉਸਦਾ ਕੇਂਦਰੀ ਸੂਤਰ, ਨਿਰੰਤਰ ਜੱਦੋ-ਜਹਿਦ ਹੈ। ਇਹ ਜੱਦੋ-ਜਹਿਦ ਅੱਗੋਂ ਇਸਤਰੀ ਦੀ ਜੱਦੋ-ਜਹਿਦ ਵਿਚ ਰੂਪਾਂਤਰਿਤ ਹੋ ਜਾਂਦੀ ਹੈ ਅਤੇ ਔਰਤ ਨੂੰ ਵੱਖ-ਵੱਖ ਪ੍ਰਸਥਿਤੀਆਂ, ਹਲਾਤਾਂ, ਪ੍ਰਸੰਗਾਂ ਤੇ ਪਰਿਪੇਖਾਂ ਵਿਚ ਨਿਰੰਤਰ ਜੂਝਦੇ ਰਹਿਣ ਦੀ ਪ੍ਰੇਰਨਾ ਨਾਲ ਜੁੜ ਜਾਂਦੀ ਹੈ।"[3]

ਇਹ ਖੋਜ-ਪੱਤਰ ਅਮਰ ਜਿਉਤੀ ਕਾਵਿ ਵਿਚ ਮਿਥ ਦੇ ਪਾਸਾਰ ਖੋਜਣ ਲਈ ਲਿਖਿਆ ਗਿਆ ਹੈ। ਇਸ ਵਿਚ ਸ਼ਾਇਰਾ ਦੇ ਸਮੁੱਚੇ ਕਾਵਿ ਵਿਚੋਂ ਉਹਨਾਂ ਕਾਵਿ-ਪਾਠਾਂ ਨੂੰ ਅਧਿਐਨ ਦੀ ਵਸਤੂ ਬਣਾਇਆ ਗਿਆ ਹੈ, ਜਿਨ੍ਹਾਂ ਵਿਚ ਮਿਥਿਹਾਸ ਦੇ ਕਿਸੇ ਪਾਤਰ, ਪ੍ਰਸੰਗ ਜਾਂ ਸੰਕਲਪ ਦੀ ਵਰਤੋਂ ਕੀਤੀ ਗਈ ਹੈ। ਮਿੱਥ ਦੇ ਪਾਸਾਰ ਪਛਾਣਦਿਆਂ ਇਹ ਲੱਭਣ ਦਾ ਯਤਨ ਵੀ ਕੀਤਾ ਗਿਆ ਹੈ ਕਿ ਕਵਿਤਰੀ ਮਿੱਥ ਦੇ ਪੁਰਾਤਨ ਰੂਪ ਨੂੰ ਕਿਸ ਪ੍ਰਕਾਰ ਦੇ ਨਵੇਂ ਅਰਥਾਂ, ਪ੍ਰਸੰਗਾਂ ਤੇ ਪਰਿਪੇਖਾਂ ਵਿਚ ਢਾਲਦੀ ਹੈ। ਪਰਚੇ ਦੀ ਪ੍ਰਾਥਮਿਕਤਾ ਰਚਨਾ ਦਾ ਅੰਦਰੂਨੀ ਪਾਠਾਤਮਕ ਸੰਗਠਨ ਹੀ ਰਹੇਗਾ। ਪਾਠ ਵਿਚ ਵਰਤੇ ਗਏ ਕੋਡਾਂ ਨੂੰ ਡੀਕੋਡ ਕਰਨ ਲਈ ਹੋਰ ਅਨੁਸ਼ਾਸਨਾਂ ਦੀ ਇਕ ਖੋਜ ਸੰਦ ਵਜੋਂ ਵਰਤੋਂ ਵੀ ਲੋੜ ਅਨੁਸਾਰ ਕਰ ਲਈ ਗਈ ਹੈ।

ਹਰੇਕ ਕਵੀ ਦਾ ਇਕ ਨਿਵੇਕਲਾ ਦ੍ਰਿਸ਼ਟੀ ਬਿੰਦੂ ਹੁੰਦਾ ਹੈ ਜੋ ਮਿਥਿਕ ਵੇਰਵਿਆਂ ਨੂੰ ਨਵੀਨ ਪਾਠਾਤਮਕ ਪਰਿਪੇਖ ਵਿਚ ਬੰਨ੍ਹ ਕੇ ਉਨ੍ਹਾਂ ਦੇ ਅਰਥਾਂ ਦੀਆਂ ਨਵੀਨ ਸੰਭਾਵਨਾਵਾਂ ਨੂੰ ਉਜਾਗਰ ਕਰਦਾ ਹੈ। ਮਿਥ-ਕਥਾ ਅਤੇ ਕਵਿਤਾ ਵਿਚ ਡੂੰਘੀ ਸਾਂਝ ਹੈ। ਮਿਥਕ-ਕਲਪਨਾ ਕਾਵਿ-ਕਲਪਨਾ ਵਾਂਗ ਹੀ ਕਾਰਜ ਕਰਦੀ ਹੈ। ਜਿਸ ਦੁਆਰਾ ਮਾਨਵੀ ਹੋਂਦ ਨੂੰ ਪ੍ਰਕਿਰਤਕ ਵਸਤੂਆਂ ਅਤੇ ਵਰਤਾਰਿਆਂ ਨਾਲ ਜੋੜ ਕੇ ਕਈ ਪ੍ਰਕਾਰ ਦੇ ਦੇਵੀ ਦੇਵਤਿਆਂ ਦੀ ਸਿਰਜਣਾ ਕਰ ਲਈ ਜਾਂਦੀ ਹੈ।

"Myth is a form of poetry which transcends Poetry in that it Proclains a truth, a form of reasoning which transeends reasoning in that it wants to bring about the truth it Proclains; a form of action, of ritual Behaviour, which does not find its fulfilmant in the act but must proclain and eleborate a poetic form of truth.[4]

**ਮਿਥ :**

- ਮਿੱਥ ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ ਹੈ ਜੋ ਯੂਨਾਨੀ ਭਾਸ਼ਾ ਦੇ ਸ਼ਬਦ (।ਚਹਥਦ) ਮਾਇਥਾਸ ਤੋਂ ਬਣਿਆ ਹੈ। ਯੂਨਾਨੀ ਲੋਕ ਇਸਦੇ ਇਕ ਤੋਂ ਵਧੇਰੇ ਅਰਥ ਮੰਨਦੇ ਸਨ, ਜਿਵੇਂ ਕਥਨ, ਕਹਾਣੀ ਅਤੇ ਕਾਲਪਨਿਕ ਬਿਰਤਾਂਤ।
- ਮਿੱਥ ਕਥਾ ਉਹ ਕਹਾਣੀ ਹੈ ਜੋ ਪ੍ਰਾਚੀਨ ਕਾਲ ਵਿਚ ਵਾਪਰ ਚੁੱਕੀ ਹੁੰਦੀ ਹੈ। ਇਹ ਲੋਕਾਈ ਦੀਆਂ ਬ੍ਰਹਿਮੰਡਕ ਤੇ ਪਰਾ-ਪ੍ਰਕਿਰਤਕ ਪ੍ਰੰਪਰਾਵਾਂ, ਦੇਵਤਿਆਂ ਤੇ ਨਾਇਕ-ਨਾਇਕਾਵਾਂ, ਸੰਸਕ੍ਰਿਤਕ ਲੱਛਣਾਂ ਅਤੇ ਧਾਰਮਿਕ ਵਿਸ਼ਵਾਸ਼ਾਂ ਆਦਿ ਦੀ ਵਿਆਖਿਆ ਕਰਦੀ ਹੈ।[5]

ਸਾਹਿਤਕ ਜਗਤ ਵਿਚ ਜੀਵਨ ਵਰਗਾ ਹੋਣਾ ਹਮੇਸ਼ਾ ਹੀ ਮਹੱਤਵਪੂਰਨ ਨੁਕਤਾ ਰਿਹਾ ਹੈ। ਜਦ ਵੀ ਅਸੀਂ ਕੋਈ ਕਵਿਤਾ ਪੜ੍ਹਦੇ ਹਾਂ ਤਾਂ ਪਹਿਲਾ ਖ਼ਿਆਲ ਸਾਡੀ ਚੇਤਨਾ 'ਚੋਂ ਇਹੀ ਲੰਘਦਾ ਹੈ ਕਿ ਇਹ ਜੀਵਨ ਦੇ ਕਿੰਨੀ ਨੇੜੇ ਹੈ। ਇਸ ਵਿਚ ਮਨੁੱਖੀ ਜੀਵਨ ਕਿਸ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਕ ਚਿੱਤਰ (Painting) ਵਿਚ ਯਥਾਰਥ ਦੀ ਵੱਧ ਤੋਂ ਵੱਧ ਪੇਸ਼ਕਾਰੀ ਪਰਖਣ ਲਈ ਅਸੀਂ ਉਸਦੀ ਸੰਰਚਨਾ ਦੇ ਰੇਖਾ-ਗਣਿਤਕ (Geometrical) ਪੱਖਾਂ ਉੱਪਰ ਧਿਆਨ ਕੇਂਦ੍ਰਿਤ ਕਰਦੇ ਹਾਂ।

Generated by Foxit PDF Creator © Foxit Software
http://www.foxitsoftware.com For evaluation only.

ਇਸੇ ਪ੍ਰਕਾਰ ਇਕ ਕਵਿਤਾ ਵਿਚ ਜੀਵਨ ਦੀ ਪੇਸ਼ਕਾਰੀ ਬਾਬਤ ਸੰਰਚਨਾ ਦੇ ਮਿੱਥ ਨਾਲ ਜੁੜੇ ਪਾਸਾਰਾਂ ਦਾ ਅਧਿਐਨ ਵਾਜਬ ਪ੍ਰਤੀਤ ਹੁੰਦਾ ਹੈ। ਮਿੱਥ ਕਵਿਤਾ ਦੇ ਆਰਪਾਰ ਇੰਜ ਹੋਂਦ ਰੱਖਦੀ ਹੈ ਜਿਵੇਂ ਭਾਸ਼ਾ ਦੇ ਆਰਪਾਰ ਵਿਆਕਰਣ ਦੇ ਨਿਯਮ ਹੋਂਦ ਰੱਖਦੇ ਹਨ। ਮਿੱਥ ਦੀ ਵਰਤੋਂ ਵਾਲੇ ਕਾਵਿ-ਪਾਠ ਦਾ ਅਰਥ ਪਾਸਾਰ ਮਿੱਥ ਉੱਪਰ ਨਿਰਭਰ ਕਰਦਾ ਹੈ।

ਕਵੀ ਦੇ ਅਨੁਭਵ ਦਾ ਸੰਚਾਰ ਕਵਿਤਾ ਰਾਹੀਂ ਹੁੰਦਾ ਹੈ। ਇਸ ਲਈ ਜ਼ਰੂਰੀ ਹੁੰਦਾ ਹੈ ਕਿ ਸੰਚਾਰ ਸਰਲ, ਸਦੀਵ-ਕਾਲੀ ਅਤੇ ਤੀਬਰ ਵੇਗਵਾਨ ਹੋਵੇ। ਨਾਰਥੋ ਫ਼ਰਾਈ ਦਾ ਕਥਨ ਹੈ ਕਿ "ਸਾਹਿਤ ਸੰਚਾਰ ਭਾਸ਼ਾ ਦੇ ਮੁਕਾਬਲੇ ਭਾਸ਼ਾ ਦਾ ਵਿਸ਼ੇਸ਼ੀਕ੍ਰਿਤ ਰੂਪ ਹੁੰਦਾ ਹੈ।" ਸਾਹਿਤ ਦੇ ਸੰਚਾਰ ਮੂਲਕ ਪਾਸਾਰਾਂ ਦੀ ਵੱਡੀ ਅਹਿਮੀਅਤ ਇਕ ਗੰਭੀਰ ਚਿੰਤਨ ਦੇ ਰੂਪ ਵਿਚ ਮਨੋਵਿਗਿਆਨ ਅਤੇ ਮਾਨਵ ਵਿਗਿਆਨ ਦੀਆਂ ਸਥਾਪਨਾਵਾਂ ਨੂੰ ਨਾਲ ਲੈ ਤੁਰਦੀ ਹੈ। ਕਵੀ ਦੀ ਪ੍ਰਤਿਭਾ ਜਿੰਨੀ ਤੀਬਰਤਾ ਨਾਲ ਸਮੂਹਿਕ ਅਵਚੇਤਨ (Collective unconscious) ਨਾਲ ਇਕਸੁਰਤਾ ਸਥਾਪਿਤ ਕਰਦੀ ਹੈ, ਉਨ੍ਹੀ ਹੀ ਸਰਲਤਾ ਨਾਲ ਉਸਦਾ ਸੰਚਾਰ ਸੁਚਾਰੂ ਰੂਪ ਵਿਚ ਪਾਠਕਾਂ ਤੱਕ ਪਹੁੰਚਦਾ ਹੈ।

ਕਵੀ ਸਮੂਹਿਕ ਅਵਚੇਤਨ ਵਿਚ ਸੰਰਚਨਾਤਮਕ ਭੂਮਿਕਾ ਨਿਭਾਉਣ ਵਾਲੇ ਮਿੱਥ ਦੇ ਮੋਟਿਫਾਂ, ਪ੍ਰਤੀਕਾਂ ਤੇ ਆਦਿ-ਬਿੰਬਾਂ ਨੂੰ ਆਪਣੀ ਰਚਨਾ ਵਿਚ ਆਤਮਸਾਤ ਕਰਦਾ ਹੈ। ਮਿੱਥਾਂ ਦੀ ਸਾਹਿਤ ਵਿਚ ਵਰਤੋਂ ਬਾਰੇ ਡਾ. ਕਰਨੈਲ ਸਿੰਘ ਥਿੰਦ ਲਿਖਦੇ ਹਨ "ਪੁਰਾਣ-ਕਥਾਵਾਂ ਲੋਕ ਸੰਸਕ੍ਰਿਤੀ ਦਾ ਇਕ ਵਿਸ਼ੇਸ਼ ਅੰਗ ਹਨ। ਹਰ ਦੇਸ਼ ਅਤੇ ਹਰ ਸਮੇਂ ਦੇ ਸਾਹਿਤਕਾਰ ਇਨ੍ਹਾਂ ਤੋਂ ਪ੍ਰਭਾਵਿਤ ਹੋਏ ਹਨ। ਹੋਮਰ ਕਾਲੀਦਾਸ ਅਤੇ ਸ਼ੈਕਸਪੀਅਰ ਆਦਿ ਜਗਤ ਪ੍ਰਸਿੱਧ ਸਾਹਿਤਕਾਰਾਂ ਦੀਆਂ ਕ੍ਰਿਤੀਆਂ ਦੀ ਪਿੱਠ ਭੂਮੀ ਪੌਰਾਣਿਕ ਹੈ।"[6]

ਸਾਹਿਤ ਅਤੇ ਮਿੱਥ ਦੇ ਸਬੰਧ ਨੂੰ ਦਰਸਾਉਂਦਿਆਂ ਰਿਚਰਡ ਚੇਜ਼ ਲਿਖਦਾ ਹੈ "ਮਿੱਥ ਸਾਹਿਤ ਹੈ ਅਤੇ ਇਹ ਲਾਜ਼ਮੀ ਤੌਰ 'ਤੇ ਮਾਨਵੀ ਕਲਪਨਾ ਦੀ ਸੁਹਜ ਸਿਰਜਣਾ ਮੰਨੀ ਜਾਣੀ ਚਾਹੀਦੀ ਹੈ।"[7] ਇਸ ਪ੍ਰਕਾਰ ਸਾਹਿਤ ਅਤੇ ਮਿੱਥ ਦਾ ਆਪਸ ਵਿਚ ਪ੍ਰੰਪਰਾਗਤ ਰਿਸ਼ਤਾ ਸਥਾਪਿਤ ਹੁੰਦਾ ਹੈ। ਸਾਹਿਤ ਮਿੱਥਾਂ ਨੂੰ ਆਤਮਸਾਤ ਕਰਦਾ ਹੈ, ਆਪਣੇ ਵਜੂਦ ਦਾ ਹਿੱਸਾ ਬਣਾਉਂਦਾ ਹੈ ਅਤੇ ਕਈ ਵਾਰ ਅਜਿਹਾ ਕਰਦਿਆਂ ਮਿੱਥ ਦਾ ਪੁਨਰ ਸਿਰਜਣ ਵੀ ਕਰਦਾ ਹੈ ਜੋ ਕਿ ਮਿੱਥ-ਰੂਪਾਂਤਰਨ ਅਖਵਾਉਂਦਾ ਹੈ।

ਕਵੀ ਦੀ ਪ੍ਰਤਿਭਾ ਤੱਤਕਾਲੀ ਇਤਿਹਾਸ ਅਤੇ ਆਪਣੀ ਜ਼ਮੀਨ ਦੇ ਬਾਸ਼ਿੰਦਿਆਂ ਦੇ ਸਭਿਆਚਾਰਕ ਤੇ ਮਾਨਸਿਕ ਵਰਤਾਰਿਆਂ ਨਾਲ ਸੰਵਾਦ ਰਚਾਉਂਦੀ ਹੋਈ ਸਿਰਜਣਾਤਮਕ ਕਰਮ ਖੇਤਰ ਵਿਚ ਆਪਣਾ ਜੌਹਰ ਦਿਖਾਉਂਦੀ ਹੈ। ਕਵੀ ਆਪਣੇ ਤੱਤਕਾਲੀ ਚੇਤਨਾ ਪ੍ਰਵਾਹ ਨੂੰ ਸੰਬੋਧਿਤ ਹੁੰਦਾ ਹੋਇਆ ਸਾਂਝੇ ਜਾਤੀ ਅਵਚੇਤਨ ਦੇ ਆਦਿ-ਬਿੰਬਾਂ ਨੂੰ ਇਕ ਭਾਸ਼ਾਈ-ਜੁਗਤ ਵਜੋਂ ਇਸਤੇਮਾਲ ਕਰਦਾ ਹੈ। ਮਿੱਥ ਨਾਲ ਚੇਤਨਾ ਦਾ ਅਥਾਹ ਵੇਗ ਜੁੜਿਆ ਹੁੰਦਾ ਹੈ, ਕਿਉਂਕਿ ਮਿੱਥ ਜੁੱਗਾਂ-ਜੁਗਾਂਤਰਾਂ ਤੋਂ ਮਨੁੱਖ ਦੇ ਨਾਲ-ਨਾਲ ਤੁਰੀ ਆ ਰਹੀ ਹੈ। ਕਵੀ ਆਪਣੇ ਸੰਦੇਸ਼ ਦਾ ਸੰਚਾਰ ਕਰਨ ਹਿੱਤ ਮਿੱਥ ਦੇ ਚੇਤਨਾ ਪ੍ਰਵਾਹ ਨਾਲ ਬਣੇ ਵੇਗਵਾਨ ਰਿਸ਼ਤੇ ਦਾ ਖ਼ੂਬਸੂਰਤ ਪ੍ਰਯੋਗ ਕਰਦਾ ਹੈ। ਅਜਿਹਾ ਵਾਤਾਵਰਨ ਸਿਰਜਦਾ ਹੈ ਕਿ ਜੁੱਗਾਂ ਪਹਿਲਾਂ ਪੈਦਾ ਹੋਈ ਮਿੱਥ ਦੁਬਾਰਾ ਜੀਵੰਤ ਰੂਪ ਇਖਤਿਆਰ ਕਰ ਲੈਂਦੀ ਹੈ ਪਰ ਵਿਚਲਾ ਸਮੇਂ ਦਾ ਪਾੜ ਅੰਤਰਾਲ ਅਤੇ ਬਦਲ ਚੁੱਕਿਆ ਚੇਤਨਾ ਪੱਧਰ ਮਿੱਥ ਦੇ ਅਰਥ ਅਤੇ ਰੂਪ ਪੱਧਰ ਉੱਪਰ ਕੁਝ ਤਬਦੀਲੀਆਂ ਦੀ ਮੰਗ ਕਰਦਾ ਹੈ। ਇਸ ਮੰਗ ਦੀ ਪੂਰਤੀ ਹਿੱਤ ਕਈ ਵਾਰ ਕਵੀ ਮਿੱਥ ਦੇ ਪੁਰਾਤਨ ਰੂਪ ਦੀ ਵਰਤੋਂ ਕਰਦਾ ਹੈ ਅਤੇ ਕਈ ਵਾਰ ਪੁਰਾਣੇ ਰੂੜ੍ਹ ਹੋ ਚੁੱਕੇ ਚਿਹਨਾਂ ਦੀ ਪਥਰਾਈ ਹੋਂਦ ਨੂੰ ਤੋੜਕੇ ਨਵੇਂ ਅਰਥ ਜਗਾ ਲੈਂਦਾ ਹੈ। ਆਦਿ-ਮਾਨਵ ਦੇ ਚਿਹਨਾਂ ਨੂੰ ਆਧੁਨਿਕ ਪ੍ਰਸਥਿਤੀਆਂ ਵਿਚ ਪੇਸ਼ ਕਰਨ ਦੀ ਇਹ ਡੂੰਘੀ ਦਾਰਸ਼ਨਿਕ ਪ੍ਰਕਿਰਿਆ ਮਿੱਥ-ਰੂਪਾਂਤਰਨ ਅਖਵਾਉਂਦੀ ਹੈ।

ਅਮਰ ਜਿਉਤੀ ਨੇ ਆਪਣੇ ਸਿਰਜਣਾਤਮਕ ਜੀਵਨ ਦੌਰਾਨ ਜੋ ਅਨੁਭਵ ਕੀਤਾ ਉਸਨੂੰ ਆਪਣੀ ਕਵਿਤਾ ਵਿਚ ਸੰਜੋਅ ਕੇ ਸਾਡੇ ਸਾਹਮਣੇ ਪੇਸ਼ ਕਰ ਦਿੱਤਾ ਹੈ। ਅਮਰ ਜਿਉਤੀ 'ਮੰਨਤ'[8] ਨਾਂ ਦੀ ਆਪਣੀ ਕਵਿਤਾ ਵਿਚ ਮਿੱਥ ਨੂੰ ਇਸ ਪ੍ਰਕਾਰ ਪੇਸ਼ ਕਰਦੀ ਹੈ।

ਇਹ ਧਰਤੀ
ਵਾਂਗ ਦਰੋਪਦੀ
ਤਰਲੇ ਕਰਦੀ
ਹੌਕੇ ਭਰਦੀ
ਲਾਹ ਰਹੇ
ਉਹਦੇ ਲੰਗਾਰ
ਉਹਦੇ ਮਾਲਕ
ਉਹਦੇ ਜਾਏ
ਉਹਦੇ ਹਮਸਾਏ
ਦਰੋਪਦੀ ਦੀਆਂ
ਅੱਖਾਂ ਦੇ ਹੰਝੂ
ਮੁੱਕਣ ਤੇ ਆਏ
ਦੁਰਗਾ ਦਾ
ਉਹ ਰੂਪ ਵਟਾਏ
ਮੇਰੀ ਕਲਮ
ਮੰਨਤ ਇਹ
ਮੰਨੇ
ਧਰਤੀ ਸਾਡੀ
ਦਰੋਪਤੀ ਤੋਂ
ਦੁਰਗਾ ਬਣ
ਜਾਏ।

ਇਸ ਕਾਵਿ ਪਾਠ ਦੇ ਦੋ ਹਿੱਸੇ ਹਨ। ਪਹਿਲਾ ਹਿੱਸਾ ਦਰੋਪਦੀ ਬਾਰੇ ਹੈ ਤੇ ਅਗਲਾ ਹਿਸਾ ਦੁਰਗਾ ਬਾਰੇ ਹੈ।

ਦੁਰਗਾ ਅਤੇ ਦਰੋਪਦੀ ਦੋਵੇਂ ਮਿੱਥ ਦੇ ਪਾਤਰ ਹਨ। ਦੋਵੇਂ ਇਸਤਰੀ ਦੇ ਵੱਖ-ਵੱਖ ਰੂਪ ਬਿਆਨ ਕਰਦੇ ਹਨ। ਇਕ ਬੇਬਸ, ਨਿਰਬਲ ਤੇ ਅਬਲਾ ਵਾਲਾ ਰੂਪ ਅਤੇ ਇਕ ਪ੍ਰਚੰਡ, ਭਿਅੰਕਰ, ਭੈਰਵੀ ਤੇ ਵਿਕਰਾਲ। ਦਰੋਪਦੀ ਪੰਚਾਲ ਦੇ ਰਾਜੇ ਦਰੁਪਦ ਦੀ ਪੁੱਤਰੀ ਅਤੇ ਪੰਜਾਂ ਪਾਂਡਵ ਰਾਜਕੁਮਾਰਾਂ ਦੀ ਪਤਨੀ ਸੀ। ਮਹਾਂਭਾਰਤ ਦਾ ਕੇਂਦਰੀ ਧੁਰਾ ਕ੍ਰਿਸ਼ਨ ਤੋਂ ਬਾਅਦ ਦਰੋਪਦੀ ਹੀ ਬਣਦੀ ਹੈ। ਜਦੋਂ ਯੁਧਿਸ਼ਟਰ ਹਸਤਿਨਾਪੁਰ ਵਿਚ ਜੂਆ ਖੇਡਦਿਆਂ ਆਪਣਾ ਸਭ ਕੁਝ ਹਾਰ ਜਾਂਦਾ ਹੈ ਇਥੋਂ ਤੱਕ ਕਿ ਆਪਣੀ ਪਤਨੀ ਨੂੰ ਵੀ ਤਾਂ ਦਾਸੀ ਰੂਪ ਵਿਚ ਇਸਨੂੰ ਕੌਰਵਾ ਰਾਜਕੁਮਾਰ ਦੁਰਯੋਧਨ ਨੇ ਆਪਣੇ ਕਮਰੇ ਵਿਚ ਝਾੜੂ ਦੇਣ ਲਈ ਕਿਹਾ। ਇਕ ਰਾਜੇ ਦੀ ਧੀ ਅਤੇ ਪੰਜ ਰਾਜਕੁਮਾਰਾਂ ਦੀ ਪਤਨੀ ਲਈ ਇਹ ਬੜੀ ਬੇ-ਇੱਜ਼ਤੀ ਦਾ ਸਬੱਬ ਸੀ। ਉਸਨੇ ਇਨਕਾਰ ਕਰ ਦਿੱਤਾ ਤਾਂ ਦੁਸ਼ਾਸਨ ਨੇ ਇਸਨੂੰ ਵਾਲਾਂ ਤੋਂ ਫੜ੍ਹ ਕੇ ਘੜੀਸ ਕੇ ਸਭਾ ਵਿਚ ਲਿਆਂਦਾ ਅਤੇ ਇਸਦੇ ਕੱਪੜੇ ਪਾੜ ਦਿੱਤੇ।

Generated by Foxit PDF Creator © Foxit Software
http://www.foxitsoftware.com For evaluation only.

ਇਸਦੇ ਪਤੀ ਕੇਵਲ ਕ੍ਰੋਧਿਤ ਹੁੰਦੇ ਰਹੇ ਪਰ ਹਾਰੇ ਹੋਣ ਕਾਰਨ ਕੁਝ ਨਾ ਕਰ ਸਕੇ।[9]

ਸ਼ਾਇਰਾ ਆਖਦੀ ਹੈ ਕਿ ਦਰੋਪਦੀ ਦੀ ਇਸਮਤ ਦੇ ਲੰਗਾਰ ਉਸਦੇ ਆਪਣੇ, ਉਸਦੇ ਪਤੀ ਅਤੇ ਹਮਸਾਏ ਹੀ ਲਾਹ ਰਹੇ ਹਨ। ਇਸ ਕਾਵਿ-ਪਾਠ ਵਿਚ ਧਰਤੀ ਨੂੰ ਦਰੋਪਦੀ ਕਿਹਾ ਗਿਆ ਹੈ। ਧਰਤੀ ਆਪਣੇ ਸਹਿਣਸ਼ੀਲ ਅਤੇ ਨੀਵੇਂ ਥਾਂ ਪੈਰਾਂ ਵਾਲੀ ਥਾਂ ਹੋਣ ਕਾਰਨ ਔਰਤ ਦਾ ਚਿਹਨ ਹੈ। ਅਜੋਕੇ ਸਮਾਜ ਵਿਚ ਔਰਤ ਦੀ ਉਹੀ ਸਥਿਤੀ ਹੈ ਜੋ ਕੌਰਵਾਂ ਦੀ ਸਭਾ ਵਿਚ ਦਰੋਪਦੀ ਦੀ ਹੈ। ਦਰੋਪਦੀ ਜੂਏ ਵਿਚ ਦਾਅ ਤੇ ਲਾਈ ਜਾਂਦੀ ਹੈ ਅਤੇ ਫਿਰ ਹਾਰ ਦਿੱਤੀ ਜਾਂਦੀ ਹੈ। ਉਹ ਹੁਣ ਦੂਸਰੇ ਮਾਲਕ ਦੀ ਮਲਕੀਅਤ ਬਣ ਜਾਂਦੀ ਹੈ। ਦਰੋਪਦੀ ਨੇ ਜਿਨ੍ਹਾਂ ਪੰਜ ਪਾਂਡਵਾਂ ਨੂੰ ਪਤੀ ਮੰਨਿਆਂ, ਜਿਨ੍ਹਾਂ ਨੂੰ ਆਪਣਾ ਸਰੀਰ ਸਮਰਪਿਤ ਕੀਤਾ ਜਿੰਨਾਂ ਨੂੰ ਆਪਣੀ ਪ੍ਰੀਤ ਅਰਪਿਤ ਕੀਤੀ ਉਹਨਾਂ ਨੇ ਉਸਦੇ ਜਜ਼ਬਿਆਂ ਦੀ ਕੋਈ ਪ੍ਰਵਾਹ ਨਾ ਕੀਤੀ। ਉਹਨਾ ਲਈ ਤਾਂ ਦਰੋਪਦੀ ਜਾਂ ਇਸਤਰੀ ਜਜ਼ਬੇ ਵਿਹੂਣੀ ਇਕ ਮਾਸ ਦੀ ਪੁਤਲੀ ਹੈ। ਇਹ ਹੋਣੀ ਕਾਵਿ ਪਾਠ ਅਨੁਸਾਰ ਅੱਜ ਵੀ ਔਰਤ ਹੰਢਾ ਰਹੀ ਹੈ। ਅੱਜ ਵੀ ਉਹ ਜ਼ਬਰ, ਜ਼ੁਲਮ, ਹਿੰਸਾ ਅਤੇ ਬਲਾਤਕਾਰ ਦਾ ਸ਼ਿਕਾਰ ਬਣ ਰਹੀ ਹੈ। ਇਸ ਲਈ ਉਹ ਆਖਦੀ ਹੈ "ਕੁਝ ਕਰੋ ਤਾਂ ਗ਼ੈਰਤ, ਕੁਝ ਕਰੋ ਦਲੀਲ, ਕੋਈ ਕਰੋ ਸਬੀਲ, ਕੋਈ ਨਾ ਫਿਰ ਤੋਂ ਇਹ ਕਹਿਰ ਢਾਏ।" ਕਵਿਤਰੀ ਆਪਣੀ ਕਵਿਤਾ ਵਿਚ ਔਰਤ ਦੀ ਤ੍ਰਾਸਦ ਹੋਣੀ ਨੂੰ ਬਦਲਣ ਲਈ ਕੋਈ ਉਪਾਅ ਕਰਨ ਲਈ ਕਹਿੰਦੀ ਹੈ ਪਰੰਤੂ ਉਸਨੂੰ ਕਿਧਰੇ ਅਚੇਤ ਪੱਧਰ ਤੇ ਇਹ ਪਤਾ ਹੈ ਕਿ ਔਰਤ ਦੀ ਇਸ ਸਥਿਤੀ ਲਈ ਮਰਦ ਸਮਾਜ ਅਤੇ ਮਰਦਾਵੀਂ ਹਉਮੈ ਜ਼ਿੰਮੇਦਾਰ ਹੈ। ਇਸੇ ਲਈ ਉਹ ਕਵਿਤਾ ਦੇ ਦੂਸਰੇ ਅੱਧ ਵਿਚ ਕੌਰਵਾਂ ਹੱਥੋਂ ਜ਼ਲੀਲ ਹੋਣ ਵਾਲੀ ਦਰੋਪਦੀ ਦਾ ਦੁਰਗਾ ਵਜੋਂ ਰੂਪਾਂਤਰਣ ਪੇਸ਼ ਕਰਦੀ ਹੈ।

"ਦੁਰਗਾ ਸ਼ਿਵ ਜੀ ਦੀ ਪਤਨੀ ਹੈ। ਉਹ ਰਾਜਾ ਹਿਮਵਤ ਦੀ ਧੀ ਹੈ ਇਹ ਸ਼ਕਤੀ ਦਾ ਸਰੂਪ ਹੈ। ਇਸ ਦੀਆਂ ਦਸ ਬਾਹਵਾਂ ਹਨ ਅਤੇ ਇਸ ਦੇ ਹੱਥਾਂ ਵਿਚ ਜ਼ਿਆਦਾਤਰ ਸ਼ਸਤਰ ਫੜ੍ਹੇ ਹੋਏ ਹਨ। ਦੁਰਗਾ ਦੇ ਰੂਪ ਵਿਚ ਇਹ ਸੁੰਦਰ ਅਤੇ ਪੀਲੇ ਰੰਗ ਵਾਲੀ ਦੇਵੀ ਹੈ, ਜਿਹੜੀ ਸ਼ੇਰ ਉਤੇ ਸਵਾਰ ਹੈ ਅਤੇ ਜਿਸਦਾ ਪ੍ਰਭਾਵ ਭਿਅੰਕਰ ਤੇ ਵਿਨਾਸ਼ਕਾਰੀ ਹੈ।[10] ਸ਼ਾਇਰਾ ਕਵਿਤਾ ਵਿਚ ਦੁਰਗਾ ਨੂੰ ਦਰੋਪਦੀ ਦਾ ਹੀ ਰੂਪਾਂਤ੍ਰਿਤ ਰੂਪ ਤਾਂ ਦੇਣਾ ਚਾਹੁੰਦੀ ਹੈ ਕਿਉਂਕਿ ਸ਼ਕਤੀ ਤੋਂ ਬਿਨਾਂ ਔਰਤ ਨੂੰ ਸਮਾਜ ਵਿਚ ਸਤਿਕਾਰਯੋਗ ਥਾਂ ਨਹੀਂ ਦਿਵਾਇਆ ਜਾ ਸਕਦਾ ਦੁਰਗਾ ਦੇ ਹੱਥਾਂ ਵਿਚ ਸ਼ਸਤਰ ਫੜ੍ਹੇ ਹੋਏ ਹਨ ਅਤੇ ਉਹ ਸ਼ੇਰ ਉਪਰ ਸਵਾਰ ਹੈ। ਸ਼ੇਰ 'ਤਾਕਤ' ਦਾ ਪ੍ਰਤੀਕ ਹੈ, ਸ਼ੇਰ 'ਰਾਜ' ਦਾ ਪ੍ਰਤੀਕ ਹੈ। ਸ਼ਸਤਰ ਸੰਘਰਸ਼ ਦੇ ਪ੍ਰਤੀਕ ਹਨ। ਜੇਕਰ ਔਰਤ ਕੇਵਲ ਹੰਝੂ ਵਹਾਉਣ ਤੱਕ ਹੀ ਸੀਮਤ ਰਹੇ ਤਾਂ ਉਸਦੀ ਹਾਲਤ ਕਦੇ ਨਹੀਂ ਸੁਧਰ ਸਕਦੀ। ਪਰੰਤੂ ਜੇਕਰ ਵਿਦਰੋਹ ਦਾ ਰਸਤਾ ਇਖ਼ਤਿਆਰ ਕਰਦੀ ਹੈ ਤਾਂ ਉਹ ਦੁਰਗਾ ਵਾਂਗ ਸ੍ਵੈ ਵਿਸ਼ਵਾਸ ਨਾਲ ਜ਼ਿੰਦਗੀ ਦੀ ਹਰੇਕ ਜੰਗ ਜਿੱਤ ਸਕਦੀ ਹੈ। ਇਸ ਤਰ੍ਹਾਂ ਉਹ ਆਪਣੀ ਹੋਣੀ ਨੂੰ ਬਦਲ ਸਕਦੀ ਹੈ।

ਜਦੋਂ ਤੱਕ ਔਰਤ ਆਪਣੇ ਸ਼ਕਤੀ ਰੂਪ ਨੂੰ ਨਹੀਂ ਪਛਾਣੇਗੀ, ਇਸਦਾ ਚੀਰਹਰਣ ਹੁੰਦਾ ਰਹੇਗਾ। ਪਰੰਤੂ ਜਦੋਂ ਹੀ ਇਸਨੇ ਆਪਣੇ ਸ੍ਵੈ ਦਾ ਸ਼ਕਤੀਸ਼ਾਲੀ ਰੂਪ ਪਛਾਣ ਲਿਆ ਇਹ ਕੇਵਲ ਆਪਣੇ ਹੀ ਨਹੀਂ ਸਗੋਂ ਇੰਦਰ ਵਰਗੇ ਮਹਾਂ ਪ੍ਰਤਾਪੀ ਆਰੀਅਨ ਯੋਧੇ ਅਤੇ ਦੇਵਤਾ ਦੇ ਵੀ ਦੁੱਖ ਕੱਟਣ ਦੇ ਸਮਰੱਥ ਹੋ ਜਾਵੇਗੀ। ਸ਼ਾਇਰਾ ਆਪਣੀ ਰਚਨਾ ਵਿਚ ਮਿੱਥ ਦੇ ਦੋ ਪਾਤਰਾਂ ਦੀ ਤੁਲਨਾ ਪੇਸ਼ ਕਰਦੀ ਹੈ। ਇਸ ਤਰ੍ਹਾਂ ਉਹ ਔਰਤ ਦੇ ਦੋ ਰੂਪ ਪੇਸ਼ ਕਰਦੀ ਹੈ। ਇਕ ਰੂਪ ਵਿਚ ਉਹ ਅਬਲਾ ਹੈ ਪਰੰਤੂ ਦੂਜੇ ਰੂਪ ਵਿਚ ਉਹ ਯੋਧਾ, ਆਗੂ ਅਤੇ ਸ਼ਕਤੀਸ਼ਾਲੀ ਹੈ। ਇਹ ਕਾਵਿ-ਪਾਠ ਜਿਥੇ ਮਿੱਥ ਦੇ ਪੁਰਾਤਨ ਸਰੂਪ ਨੂੰ ਵਰਤ ਰਿਹਾ ਹੈ ਉਥੇ ਨਾਲ ਹੀ ਨਵੇਂ ਅਰਥ, ਪ੍ਰਸੰਗ ਅਤੇ ਪਰਿਪੇਖ ਵੀ ਉਸਾਰ ਰਿਹਾ ਹੈ। ਇਸ ਕਾਵਿ-ਪਾਠ ਰਾਹੀਂ ਕਵਿਤਰੀ ਨੇ ਦਰੋਪਦੀ ਦੀ ਮਿੱਥ ਦਾ ਦੁਰਗਾ ਦੇ ਰੂਪ ਵਿਚ ਅਤੇ ਅਬਲਾ ਇਸਤਰੀ ਦਾ ਸ਼ਕਤੀ ਦੇ ਰੂਪ ਵਿਚ ਰੂਪਾਂਤਰਨ ਪੇਸ਼ ਕੀਤਾ ਹੈ।

ਮੈਨੂੰ ਸੀਤਾ ਨਾ ਕਹੋ
ਮੈਂ ਜ਼ਿੰਦਗੀ ਦੀ
ਅਗਨੀ ਪ੍ਰੀਖਿਆ
ਦੇਣ ਤੋਂ ਪਹਿਲਾ
ਆਪਣੇ ਹਮਸਫ਼ਰ ਮੰਗ
ਦਲੀਲ ਨਾਲ ਗੱਲ ਕਰਨੀ ਹੈ।

ਇਸ ਕਾਵਿ ਪਾਠ ਵਿਚ ਸੀਤਾ ਦੀ ਮਿੱਥ ਨੂੰ ਆਧਾਰ ਬਣਾਇਆ ਗਿਆ ਹੈ। ਸੀਤਾ ਦਾ ਅਰਥ ਹੈ ਸਿਆੜ। ਜ਼ਮੀਨ ਵਾਹੁਣ ਨੂੰ ਸੀਅ ਲਾਉਣਾ ਕਿਹਾ ਜਾਂਦਾ ਸੀ। ਸੀਤਾ ਰਾਜਾ ਜਨਕ ਦੀ ਧੀ ਹੈ। ਜਨਕ ਨੂੰ ਹਲ ਵਾਹੁੰਦੇ ਸਮੇਂ ਹਲ ਦੇ ਫ਼ਾਲੇ ਨਾਲ ਕੁਝ ਟਕਰਾਉਣ ਦੀ ਆਵਾਜ਼ ਆਈ ਜਦ ਦੇਖਿਆ ਤਾਂ ਇਕ ਘੜਾ ਸੀ ਜਿਸ ਵਿਚ ਇਕ ਬੱਚੀ ਸੀ ਜੋ ਬਾਅਦ ਵਿਚ ਸੀਤਾ ਦੇ ਨਾਮ ਨਾਲ ਪ੍ਰਸਿੱਧ ਹੋਈ। ਹਿੰਦੂ ਮਿਥਹਾਸ ਕੋਸ਼ ਅਨੁਸਾਰ "ਵਾਸਤਵ ਵਿਚ ਇਹ ਲਕਸ਼ਮੀ ਦੇਵੀ ਸੀ ਜਿਸਨੇ ਲੰਕਾ ਦੇ ਰਾਜੇ ਰਾਵਣ ਨੂੰ ਜੋ ਕਿਸੇ ਤਰ੍ਹਾਂ ਵੀ ਮਾਰਿਆ ਨਹੀਂ ਜਾ ਸਕਦਾ ਸੀ ਅਤੇ ਜਿਸਦੀ ਮੌਤ ਇਸਤਰੀ ਕਾਰਨ ਹੋਣੀ ਸੀ, ਨੂੰ ਨਸ਼ਟ ਕਰਨ ਲਈ ਮਨੁੱਖ ਦੇ ਰੂਪ ਵਿਚ ਸੰਸਾਰ ਵਿਚ ਜਨਮ ਲਿਆ।[11]

ਰਾਮਾਯਣ ਦੇ ਯੁੱਧ ਕਾਂਡ ਦੇ 119ਵੇਂ ਸਰਗ ਵਿਚ ਕਥਾ ਹੈ ਕਿ ਰਾਵਣ ਉੱਪਰ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਜਦ ਪਹਿਲੀ ਵਾਰ ਰਾਮ ਸੀਤਾ ਨੂੰ ਮਿਲਦੇ ਹਨ ਤਾਂ ਉਹ ਸਾਰੇ ਸੂਰਬੀਰਾਂ ਹਨੁਮਾਨ, ਵਿਭੀਸ਼ਨ, ਲਕਸ਼ਮਨ ਅਤੇ ਸਾਰੀ ਬਾਂਦਰ ਸੈਨਾ ਦੇ ਸਾਹਮਣੇ ਸੀਤਾ ਨੂੰ ਕਹਿੰਦੇ ਹਨ ਕਿ "ਰਾਵਣ ਨੇ ਤੁਹਾਨੂੰ ਹਰਣ ਕਰਕੇ ਮੇਰਾ ਅਪਮਾਨ ਕੀਤਾ ਸੀ। ਮੈਂ ਉਸਨੂੰ ਮਾਰ ਕੇ ਆਪਣਾ ਬਦਲਾ ਚੁੱਕਾ ਲਿਆ ਹੈ। ਹੁਣ ਮੇਰਾ ਬਦਲਾ ਪੂਰਾ ਹੋ ਚੁੱਕਾ ਹੈ। ਦੁਸ਼ਮਣ ਤੋਂ ਬਦਲਾ ਲੈਣ ਲਈ ਇਕ ਪੁਰਸ਼ ਜੋ ਕਰ ਸਕਦਾ ਸੀ, ਉਹ ਮੈਂ ਰਾਵਣ ਨੂੰ ਮਾਰ ਕੇ ਪੂਰਾ ਕਰ ਦਿੱਤਾ ਹੈ। ਮੈਂ ਯੁੱਧ ਵਿਚ ਬੜੇ-ਬੜੇ ਬਲਸ਼ਾਲੀ ਰਾਖ਼ਸ਼ਸਾਂ ਨੂੰ ਮਾਰਿਆ ਹੈ। ਮੈਂ ਇਹ ਯੁੱਧ ਬੇਇਜ਼ਤੀ ਨੂੰ ਦੂਰ ਕਰਨ ਲਈ, ਕੁੱਲ ਨੂੰ ਕਲੰਕਿਤ ਹੋਣ ਤੋਂ ਬਚਾਉਣ ਲਈ ਤੇ ਲੋਕ ਨਿੰਦਿਆ ਤੋਂ ਬਚਣ ਲਈ ਕੀਤਾ ਹੈ। ਤੇਰੇ ਲਈ ਨਹੀਂ। ਤੂੰ ਰਾਵਣ ਦੇ ਕੋਲ ਕਈ ਦਿਨਾਂ ਤੱਕ ਰਹੀ ਹੈਂ ਮੈਨੂੰ ਤੇਰੇ ਚਰਿੱਤਰ 'ਤੇ ਸ਼ੱਕ ਹੈ। ਤੂੰ ਮੇਰੇ ਸਾਹਮਣੇ ਖਲੋਤੀ ਮੈਨੂੰ ਇਸ ਤਰ੍ਹਾਂ ਚੰਗੀ ਨਹੀਂ ਲੱਗ ਰਹੀ ਜਿਵੇਂ ਦੁਖਦੀਆਂ ਅੱਖਾਂ ਨੂੰ ਦੀਪਕ ਚੰਗਾ ਨਹੀਂ ਲੱਗਦਾ। ਇਸ ਲਈ ਤੂੰ ਦਸ ਦਿਸ਼ਾਵਾਂ ਵਿਚ ਜਿਥੇ ਵੀ ਜੀਅ ਚਾਹੇ ਜਾ ਸਕਦੀ ਹੈਂ। ਮੈਂ ਤੇਰੇ ਨਾਲ ਕਿਸੇ ਵੀ ਤਰ੍ਹਾਂ ਦਾ ਸਬੰਧ ਨਹੀਂ ਰੱਖਣਾ ਚਾਹੁੰਦਾ। ਉੱਤਮ ਕੁੱਲ ਵਿਚ ਉਤਪੰਨ ਹੋ ਕੇ ਕੋਈ ਵੀ ਤੇਜੱਸਵੀ ਪੁਰਸ਼ ਦੂਸਰੇ ਦੇ ਘਰ ਰਹੀ ਹੋਈ ਇਸਤਰੀ ਨੂੰ ਪ੍ਰੇਮ ਭਰੇ ਹਿਰਦੇ ਨਾਲ ਸਵੀਕਾਰ ਨਹੀਂ ਕਰ ਸਕਦਾ। ਹੇ ਸੀਤਾ! ਰਾਵਣ ਨੇ ਹਰਣ ਕਰਦੇ ਸਮੇਂ ਤੈਨੂੰ ਆਪਣੀ ਗੋਦ ਵਿਚ ਚੁੱਕਿਆ ਸੀ, ਮੈਲੀ ਨਜ਼ਰ ਨਾਲ ਤੈਨੂੰ ਤੱਕਿਆ ਸੀ। ਮੈਂ ਮਹਾਨ ਸ਼ਿਵਾਕੂ ਵੰਸ਼ ਵਿਚ ਪੈਦਾ ਹੋ ਕੇ ਕਿਸ ਤਰ੍ਹਾਂ ਤੈਨੂੰ ਸਵੀਕਾਰ ਕਰ ਸਕਦਾ ਹਾਂ। ਤੇਰੇ ਮਨੋਹਰ ਰੂਪ ਨੂੰ ਦੇਖ ਕੇ ਰਾਖ਼ਸ਼ਸ ਰਾਵਣ ਆਪਣੀ ਕਾਮ-ਪੀੜ੍ਹਾ ਨੂੰ ਇੰਨੇ

Generated by Foxit PDF Creator © Foxit Software
http://www.foxitsoftware.com For evaluation only.

ਦਿਨਾਂ ਤੱਕ ਨਹੀਂ ਸਹਿ ਸਕਿਆ ਹੋਣਾ।

ਬਹੁਤ ਦਿਨਾਂ ਤੱਕ ਪਤੀ ਦੇ ਮੂੰਹੋਂ ਪਿਆਰ ਦੇ ਮਿੱਠੇ ਬਚਨ ਸੁਣ ਚੁੱਕੀ ਸੀਤਾ ਅੱਜ ਇਹ ਕਠੋਰ ਬਚਨ ਸੁਣ ਕੇ ਹਾਥੀ ਦੁਆਰਾ ਕੁਚਲੀ ਹੋਈ ਨਾਜ਼ੁਕ ਵੇਲ ਵਾਂਗ ਕੰਬ ਰਹੀ ਸੀ ਉਸਨੇ ਰਾਮ ਨੂੰ ਆਪਣੀ ਪਤੀ-ਭਗਤੀ ਦਾ ਵਾਸਤਾ ਪਾਇਆ ਅਤੇ ਰਾਮ ਉੱਪਰ ਕੋਈ ਅਸਰ ਨਾ ਹੁੰਦਾ ਵੇਖ ਕੇ ਉਸਨੂੰ ਆਪਣੇ ਕਲੰਕਿਤ ਵਿਅਕਤੀਤਵ ਦੇ ਪਵਿਰਤ ਹੋਣ ਦੀ ਗਵਾਹੀ ਦੇਣ ਦੀ ਗੱਲ ਸੁੱਝੀ। ਉਹ ਹੁਣ ਆਪਣੇ ਉੱਪਰ ਲੱਗੇ ਦਾਗ ਨੂੰ ਵਧੇਰੇ ਸਮੇਂ ਤੱਕ ਬਰਦਾਸ਼ਤ ਨਹੀਂ ਸੀ ਕਰ ਸਕਦੀ ਇਸ ਲਈ ਉਸਨੇ ਲਕਸ਼ਮਣ ਨੂੰ ਇਕ ਚਿਤਾ ਤਿਆਰ ਕਰਨ ਲਈ ਕਿਹਾ। ਉਸਨੇ ਕਿਹਾ ਮੈਂ ਨਿੰਦਿਤ ਹੋ ਕੇ ਜੀਣਾ ਨਹੀਂ ਚਾਹੁੰਦੀ। ਚਿਤਾ ਦੀ ਅਗਨੀ ਹੀ ਇਸ ਰੋਗ ਦਾ ਇਕੋ-ਇਕ ਇਲਾਜ ਹੈ। ਇਸ ਅੱਗ ਵਿਚ ਪ੍ਰਵੇਸ਼ ਕਰਕੇ ਮੈਂ ਆਪਣੀ ਗਤੀ ਨੂੰ ਪ੍ਰਾਪਤ ਕਰਾਂਗੀ। ਸੀਤਾ ਦੇ ਕਹਿਣ ਤੇ ਚਿਤਾ ਨੂੰ ਅੱਗ ਲਾ ਦਿੱਤੀ ਗਈ। ਸੀਤਾ ਨੇ ਅਗਨੀ ਦੇਵਤਾ ਅੱਗੇ ਪ੍ਰਾਰਥਨਾ ਕੀਤੀ ਕਿ ਉਹ ਬੇਦਾਗ ਹੈ। ਇਸ ਲਈ ਉਸਦੀ ਪਵਿਤਰਤਾ ਦੇ ਵਾਸਤੇ ਅਗਨੀ ਦੇਵਤਾ ਉਸਨੂੰ ਸਵੀਕਾਰ ਕਰ ਲੈਣ। ਅਗਨੀ ਦੇਵਤਾ ਨੂੰ ਸਾਖੀ ਮੰਨ ਕੇ ਸੀਤਾ ਨੇ ਦਗ ਦਗ਼ ਕਰਦੀ ਅੱਗ ਵਿਚ ਛਾਲ ਮਾਰ ਦਿੱਤੀ। ਸਾਰੇ ਲੋਕਾਂ ਨੇ ਸੀਤਾ ਨੂੰ ਅੱਗ ਵਿਚ ਛਾਲ ਮਾਰਦਿਆਂ ਵੇਖਿਆ। ਉਸੇ ਹੀ ਸਮੇਂ ਕੁਬੇਰ, ਯਮਰਾਜ, ਇੰਦਰ, ਵਰੁਣ, ਸ਼ੰਕਰ ਤੇ ਬ੍ਰਹਮਾ ਉਸ ਸਥਾਨ ਤੇ ਪ੍ਰਗਟ ਹੋਏ। ਉਹ ਸਭ ਰਾਮ ਦੀ ਉਸਤਤ ਦੇ ਸਤੋਤ੍ਰ ਗਾਉਣ ਲੱਗੇ। ਤਦ ਅਗਨੀ ਦੇਵਤਾ ਆਪਣੀ ਗੋਦ ਵਿਚ ਸੀਤਾ ਨੂੰ ਇਕ ਬੱਚੀ ਦੀ ਨਿਆਈਂ ਚੁੱਕੀ ਪ੍ਰਗਟ ਹੋਏ। ਸੀਤਾ ਉਸੇ ਰੂਪ ਵਿਚ ਸਹੀ ਸਲਾਮ ਪੁਨਰ ਜੀਵਤ ਹੋ ਗਈ ਜਿਸ ਹਾਲਤ ਵਿਚ ਉਸਨੇ ਅੱਗ ਵਿਚ ਛਾਲ ਜਾ ਮਾਰੀ ਸੀ।[12]

ਇਸ ਮਿੱਥ ਵਿਚ ਰਾਮ, ਸੀਤਾ ਨੂੰ ਅਪਨਾਉਣ ਤੋਂ ਨਾਂਹ ਕਰਨ ਦੀ ਵਜ੍ਹਾ ਆਪਣੀ ਉੱਚੀ ਕੁੱਲ ਅਤੇ ਆਪਣੀ ਅਣਖ ਦੀ ਹਾਨੀ ਨੂੰ ਬਣਾਉਂਦਾ ਹੈ। ਉਹ ਸੀਤਾ ਦੇ ਚਰਿੱਤਰ ਉੱਪਰ ਸ਼ੱਕ ਕਰਦਾ ਹੈ ਕਿਉਂਕਿ ਉਹ ਸੋਚਦਾ ਹੈ ਕਿ ਰਾਵਣ ਇੰਨੀ ਖ਼ੂਬਸੂਰਤ ਇਸਤਰੀ ਦੇ ਸਰੀਰ ਨੂੰ ਭੋਗਣ ਦੀ ਆਪਣੀ ਲਾਲਸਾ ਨੂੰ ਰੋਕ ਨਹੀਂ ਸਕਿਆ ਹੋਣਾ। ਸੀਤਾ ਨੇ ਭਾਵੇਂ ਕਿ ਆਪਣਾ ਨਾਰੀਤਵ ਰਾਮ ਨੂੰ ਸਮਰਪਣ ਕੀਤਾ ਹੋਇਆ ਹੈ ਪਰ ਉਹ ਮਰਿਆਦਾ ਪ੍ਰਸ਼ੋਤਮ ਰਾਮ ਦੀ ਪਤਨੀ-ਵਰਤਾ ਅਤੇ ਮਰਿਆਦਾ ਦੀ ਧਾਰਨੀ ਇਸਤਰੀ ਹੋਕੇ ਵੀ ਸ਼ੱਕ ਤੋਂ ਨਹੀਂ ਬਚ ਸਕੀ। ਨਾਰੀਵਾਦੀ ਚਿੰਤਨ ਔਰਤ ਦੀ ਇਸ ਦੁਖਾਂਤ ਸਥਿਤ ਦਾ ਕਾਰਨ ਸਮਾਜ ਦਾ ਪਿੱਤਰਿਕੀ ਮਾਡਲ ਅਨੁਸਾਰ ਸੰਗਠਨ ਹੋਣ ਨੂੰ ਮੰਨਦਾ ਹੈ। ਇਸ ਕਾਵਿ ਪਾਠ ਵਿਚ ਔਰਤ ਦੀ ਸਥਿਤੀ ਦਾ ਜੋ ਕੋਡ ਨਿਹਿਤ ਹੈ ਉਸਨੂੰ ਖੋਲ੍ਹਣ ਲਈ ਅਸੀਂ ਨਾਰੀਵਾਦੀ ਚਿੰਤਨ ਦੀਆਂ ਕੁਝ ਸਥਾਪਨਾਵਾਂ ਦੇਖਦੇ ਹਾਂ। "ਨਾਰੀ ਚਿੰਤਨ ਔਰਤ ਦੀ ਅਧੀਨ ਸਥਿਤੀ ਅਤੇ ਉਸ ਦੁਆਰਾ ਆਪਣੇ ਲਿੰਗ ਕਾਰਨ ਹੰਢਾਏ ਜਾਣ ਵਾਲੇ ਵਿਤਕਰੇ ਅਤੇ ਸ਼ੋਸ਼ਣ ਨਾਲ ਸਬੰਧਿਤ ਹੈ।"[13] ਬਹੁਤ ਸਾਰਾ ਨਾਰੀ ਚਿੰਤਨ ਔਰਤ ਦੀ ਦੁਜੈਲੀ ਸਥਿਤੀ ਦਾ ਕਾਰਨ ਸਮਾਜਿਕ ਢਾਂਚੇ ਵਿਚ ਪਿਤਰੀ (Patricachal) ਰੂਪ ਵਿਚ ਪਛਾਣਦਿਆਂ ਮਿੱਥ ਦੇ ਅਧਿਐਨ ਵੱਲ ਅਗਰਸਰ ਹੁੰਦਾ ਹੈ। Women and Power in History ਨਾਂ ਦੀ ਪੁਸਤਕ ਵਿਚ ਬੇਬੀ ਲੋਨੀਆਂ ਦੀ ਤੀਅਮਾਤ 'ਮਰਡੁੱਕ' ਦੀ ਮਿੱਥ ਨੂੰ ਪਿਤਰਕੀ ਪ੍ਰਬੰਧ ਦੀ ਉਸਾਰੀ ਦੀ ਨੀਂਹ ਮੰਨਿਆਂ ਗਿਆ ਹੈ।[14] ਪਿਤਰਕੀ ਪ੍ਰਬੰਧ ਵਿਚ ਪੁਰਸ਼ ਨੂੰ ਪਰਿਵਾਰ ਅਤੇ ਸਮਾਜ ਵਿਚ ਪ੍ਰਮੁੱਤਾ ਵਾਲੀ ਸਥਿਤੀ ਮਿਲਦੀ ਹੈ ਅਤੇ ਔਰਤ ਨੂੰ ਅਧੀਨਤਾ ਵਾਲੀ। ਪਰਿਵਾਰ ਦਾ ਕੇਂਦਰ ਪੁਰਸ਼ ਹੈ ਅਤੇ ਪਰਿਵਾਰ ਦੀ ਵੰਸ਼ਾਵਲੀ ਪੁਰਸ਼ਾ ਨਾਲ ਅੱਗੇ ਤੁਰਦੀ ਹੈ। ਪੁਰਸ਼ ਆਪਣੇ ਵੰਸ਼ ਦੇ ਮਾਣ ਸਤਿਕਾਰ ਨੂੰ ਆਪਣੀ ਹਉਮੈ ਬਣਾ ਲੈਂਦਾ ਹੈ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਰਾਮ ਆਪਣੇ ਵੰਸ਼ ਦੀ ਹਉਮੈ ਲਈ ਆਪਣੀ ਪਤਨੀ ਨੂੰ ਦੁਖੀ ਕਰਦਾ ਹੈ। ਪਰੰਤੂ ਰਾਮਾਇਣ ਮਹਾਂਕਾਵਿ ਇਸਨੂੰ ਸੀਤਾ ਦੀ ਕਿਸਮਤ ਆਖਦਾ ਹੈ। ਲਛਮਣ ਨੂੰ ਰਥਵਾਨ ਦਸਦਾ ਹੈ ਕਿ ਦੁਰਵਾਸ਼ਾ ਰਿਸ਼ੀ ਨੇ ਰਾਮ ਦੇ ਪਿਤਾ ਦਸ਼ਰਥ ਨੂੰ ਇਸ ਗੱਲ ਬਾਰੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ ਕਿ ਇਹ ਘਟਨਾ ਵਾਪਰੇਗੀ। ਇਸੇ ਲਈ ਅੱਜ ਦੀ ਆਧੁਨਿਕ ਸੋਚ ਵਿਚ ਪਲੀ-ਵਧੀ ਇਸਤਰੀ ਸੀਤਾ ਵਾਂਗ ਚੁੱਪ-ਚਾਪ ਅਗਨੀ ਪ੍ਰੀਖਿਆ ਨਹੀਂ ਦਿੰਦੀ ਉਹ ਤਾਂ ਕਹਿੰਦੀ ਹੈ ਕਿ ਮੈਂ ਸੀਤਾ ਨਹੀਂ ਹਾਂ। "ਮੈਨੂੰ ਸੀਤਾ ਨਾ ਕਹੋ" ਮੈਨੂੰ ਗਿਆਨ ਦੀ ਤਲਾਸ਼ ਹੈ ਪਰ ਇਸ ਜ਼ਿੰਦਗੀ ਵਿਚ ਹੁਣ ਮੈਂ ਵਕਤ ਨਾਲ ਅੱਖ ਮਿਲਾ ਕੇ ਤੁਰਨਾ ਹੈ, ਮੇਰੀ ਮੁਕਤੀ ਦਾ ਰਾਹ ਜ਼ਿੰਦਗੀ ਦੇ ਸੂਲਾਂ ਭਰੇ ਰਾਹਾਂ ਵਿਚੋਂ ਲੰਘਦਿਆਂ ਹੀ ਤਲਾਸ਼ ਹੋਣਾ ਹੈ...।[15] ਮਿੱਥ ਦੀ ਸਮਕਾਲੀ ਨਾਰੀ-ਚੇਤਨਾ ਦੇ ਸੰਦਰਭ ਵਿਚ ਇਹ ਖ਼ੂਬਸੂਰਤ ਵਰਤੋਂ ਹੈ। ਇਸ ਵਿਚ ਸੀਤਾ ਦੀ ਮਿੱਥ ਦਾ ਰੂਪਾਂਤਰਣ ਕਰ ਦਿੱਤਾ ਗਿਆ ਹੈ। ਹੁਣ ਸੀਤਾ ਆਪਣੇ ਦੁਖਾਂਤ ਨੂੰ ਕਿਸਮਤ ਨਹੀਂ ਮੰਨੇਗੀ ਸਗੋਂ ਉਹ ਆਪਣਾ ਹੱਕ ਲੈਣ ਲਈ ਤਰਕ ਦਾ ਮਾਰਗ ਅਪਨਾਵੇਗੀ।

ਹਵਾ ਦੀ ਬੇਟੀ
ਮੈਂ ਹਵਾ ਦੀ ਬੇਟੀ ਹਾਂ
ਵਰਜਿਤ ਫ਼ਲ ਨੂੰ
ਚੱਖਣਾ ਹੈ
ਮੈਂ ਦਾਨਵ ਹਾਂ
ਦੇਵਤਾ ਹਾਂ
ਸਾਗਰ ਨੂੰ
ਮਥਣਾ ਹੈ
ਮੈਂ ਧਰਤੀ ਹਾਂ
ਖਿਲਾਅ ਹਾਂ
ਹਰ ਫ਼ਾਸਲਾ
ਨਾਪਣਾ ਹੈ।
ਮੈਂ ਪਰਬਤ ਹਾਂ
ਗੁਫ਼ਾ ਹਾਂ
ਅਜੰਤਾ ਨੂੰ
ਆਪਣੇ ਅੰਦਰ
ਸਿਰਜਣਾ ਹੈ
ਮੈਂ ਸਾਗਰ ਹਾਂ
ਤੇ ਗਹਿਰਾਈ
ਇਸ ਅੰਦਰ
ਉਤਰਨਾ ਹੈ[16]

ਸਾਮੀ ਧਰਮਾਂ (ਯਹੂਦੀ, ਇਸਾਈ ਤੇ ਇਸਲਾਮ) ਦੀ ਇਹ ਸਾਂਝੀ ਮਿੱਥ ਹੈ ਕਿ ਅੱਲ੍ਹਾ ਨੇ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਕਰਨ ਤੋਂ ਬਾਅਦ ਪਹਿਲੇ ਮਨੁੱਖ ਦੀ ਸਿਰਜਣਾ ਕੀਤੀ ਜਿਸਦਾ ਨਾਮ ਆਦਮ ਸੀ। ਆਦਮ ਦੀ ਪਿੰਨੀ ਵਿਚੋਂ ਮਿੱਟੀ ਲੈ ਕੇ ਇਕ ਔਰਤ ਦੀ ਸਿਰਜਨਾ ਕੀਤੀ ਜਿਸਦਾ ਨਾਮ ਹਵਾ ਰੱਖਿਆ ਗਿਆ। ਇਨਸਾਨ ਦੀ ਸਿਰਜਣਾ ਤੋਂ ਬਾਅਦ ਅੱਲ੍ਹਾ ਨੇ ਸਾਰੇ ਫਰਿਸ਼ਤਿਆਂ ਨੂੰ ਕਿਹਾ ਕਿ ਇਨਸਾਨ ਅਸ਼ਰਫ-ਉਲ-ਮਖ਼ਲੂਕਾਤ

Generated by Foxit PDF Creator © Foxit Software
http://www.foxitsoftware.com For evaluation only.

ਹੈ। ਇਸਨੂੰ ਸਿਜਦਾ ਕਰੋ ਬਾਕੀ ਸਾਰੇ ਫਰਿਸ਼ਤਿਆਂ ਨੇ ਇਨਸਾਨ ਨੂੰ ਸਿਜਦਾ ਕੀਤਾ ਪਰੰਤੂ ਸ਼ੈਤਾਨ ਨੇ ਇਨਕਾਰ ਕਰ ਦਿੱਤਾ। ਇਸ ਕਾਰਨ ਇਨਸਾਨ ਤੇ ਸ਼ੈਤਾਨ ਵਿਚਕਾਰ ਇਕ ਤਲਖ਼ ਰਿਸ਼ਤੇ ਦਾ ਜਨਮ ਹੋਇਆ ਅੱਲ੍ਹਾ ਸ਼ੈਤਾਨ ਨਾਲ ਨਾਰਾਜ਼ ਹੋ ਗਿਆ। ਸ਼ੈਤਾਨ ਨੇ ਆਪਣੀ ਬੇਇਜ਼ਤੀ ਦਾ ਬਦਲਾ ਲੈਣ ਲਈ ਇਨਸਾਨ ਨੂੰ ਬਹਿਸ਼ਤ ਦੇ ਬਾਗ ਵਿਚੋਂ ਬਾਹਰ ਕੱਢਵਾਉਣ ਦੀ ਨੀਅਤ ਧਾਰ ਲਈ। ਇਸ ਕੰਮ ਲਈ ਉਸਨੇ ਸੱਪ ਦਾ ਰੂਪ ਧਾਰਨ ਕੀਤਾ ਅਤੇ ਹਵਾ ਨੂੰ ਜਾ ਕੇ ਕਿਹਾ ਕਿ ਇਸ ਬਾਗ਼ ਵਿਚ ਜੋ ਸਭ ਤੋਂ ਸਵਾਦੀ ਫ਼ਲ ਹੈ, ਉਹ ਫ਼ਲ ਖਾਣ ਦੀ ਤਾਂ ਅੱਲ੍ਹਾ ਨੇ ਤੁਹਾਨੂੰ ਮਨਾਹੀ ਕੀਤੀ ਹੋਈ ਹੈ। ਤੁਹਾਨੂੰ ਇਕ ਵਾਰ ਉਹ ਫ਼ਲ ਖਾ ਲੈਣਾ ਚਾਹੀਦਾ ਹੈ। ਹਵਾ ਨੇ ਆਦਮ ਕੋਲ ਉਹ ਫ਼ਲ ਖਾਣ ਦੀ ਇੱਛਾ ਜ਼ਾਹਰ ਕੀਤੀ। ਆਦਮ ਨੇ ਬਹੁਤ ਸਮਝਾਇਆ ਪਰੰਤੂ ਹਵਾ ਨਾ ਮੰਨੀ। ਅਖੀਰ ਆਦਮ ਹਵਾ ਦੀ ਜ਼ਿਦ ਸਾਹਮਣੇ ਹਾਰ ਗਿਆ ਤੇ ਉਸਨੇ ਉਹ ਵਰਜਿਤ ਫ਼ਲ ਤੋੜ ਲਿਆਂਦਾ। ਆਦਮ ਤੇ ਹਵਾ ਨੇ ਉਹ ਫ਼ਲ ਖਾ ਲਿਆ। ਫ਼ਲ ਖਾਣ ਦਾ ਅਸਰ ਇਹ ਹੋਇਆ ਕਿ ਉਹਨਾਂ ਨੂੰ ਇਕਦਮ ਗਿਆਨ ਹੋ ਗਿਆ, ਕਿਉਂਕਿ ਉਹ ਫ਼ਲ ਅਕਲ ਦਾ ਫ਼ਲ ਸੀ।

ਅਕਲ ਦਾ ਵਰਜਿਤ ਫ਼ਲ ਖਾਣ ਤੋਂ ਪਹਿਲਾਂ ਆਦਮ ਅਤੇ ਹਵਾ ਬਾਲ-ਮਾਸੂਮੀ ਵਿਚ ਰਹਿੰਦੇ ਸਨ। ਬਾਲਾਂ ਨੂੰ ਆਪਣੇ ਜਿਸਮ ਦੀ ਵਡੇਰੀ ਉਮਰ ਦੇ ਮਨੁੱਖਾਂ ਵਾਂਗ ਸੋਝੀ ਨਹੀਂ ਹੁੰਦੀ ਇਸ ਕਾਰਨ ਆਦਮ ਤੇ ਹਵਾ ਨੰਗੇ ਹੀ ਰਹਿੰਦੇ ਸਨ। ਜਦੋਂ ਉਹਨਾਂ ਨੂੰ ਅਕਲ ਆਈ ਤਾਂ ਉਹਨਾਂ ਨੇ ਆਪਣੇ ਨੰਗੇਜ ਤੋਂ ਸ਼ਰਮ ਮਹਿਸੂਸ ਕੀਤੀ ਇਸ ਲਈ ਉਹਨਾਂ ਆਪਣੇ ਆਪ ਨੂੰ ਪੱਤਿਆਂ ਨਾਲ ਢੱਕ ਲਿਆ ਜਦ ਉਹ ਢੱਕੀ ਹੋਈ ਹਾਲਤ ਵਿਚ ਅੱਲ੍ਹਾ ਦੇ ਸਾਹਮਣੇ ਆਏ ਤਾਂ ਅੱਲ੍ਹਾ ਨਿਯਮ ਟੁੱਟਣ ਕਾਰਨ ਖ਼ਫ਼ਾ ਹੋ ਗਿਆ ਤੇ ਉਸਨੇ ਆਦਮ, ਹਵਾ ਤੇ ਸ਼ੈਤਾਨ ਨੂੰ ਧਰਤੀ ਤੇ ਸੁੱਟ ਦਿੱਤਾ।

ਭਾਰਤੀ ਮਿਥਿਹਾਸ ਵਿਚ ਅਜਿਹੇ ਪ੍ਰਕਰਨ ਬਹੁਤ ਘੱਟ ਆਉਂਦੇ ਹਨ ਜਿਥੇ ਦਾਨਵ ਜਾਤੀ ਅਤੇ ਦੇਵਤਾ ਜਾਤੀ ਨੇ ਆਪਸ ਵਿਚ ਮਿਲ ਕੇ ਰਹਿਣ ਦਾ ਕੋਈ ਯਤਨ ਕੀਤਾ ਹੋਵੇ ਇਹ ਆਮ ਤੌਰ ’ਤੇ ਇਕ ਦੂਸਰੇ ਦੇ ਵਿਰੁੱਧ ਹੀ ਰਹੇ ਹਨ। ਪਰੰਤੂ ਸਮੁੰਦਰ ਮੰਥਨ ਇਕ ਅਜਿਹੀ ਘਟਨਾ ਹੈ ਜਿਸ ਵਿਚ ਇਹ ਦੋਵੇਂ ਧਿਰਾਂ ਇਕੱਠਿਆਂ ਮਿਲਕੇ ਯਤਨ ਕਰਦੀਆਂ ਹਨ। ਸਮੁੰਦਰ ਮੰਥਣ ਲਈ ਸੁਮੇਰ ਪਰਬਤ ਨੂੰ ਮਧਾਣਾ ਬਣਾਇਆ ਗਿਆ। ਸ਼ੇਸ਼ਨਾਗ ਦਾ ਨੇਤਰਾ ਪਾਇਆ ਗਿਆ ਅਤੇ ਵਿਸ਼ਨੂੰ ਨੇ ਕੱਛੂ ਅਵਤਾਰ ਧਾਰਨ ਕਰਕੇ ਉਸ ਸੁਮੇਰ ਪਰਬਤ ਨੂੰ ਆਪਣੀ ਪਿੱਠ ਤੇ ਝੱਲਿਆ। ਇਕ ਪਾਸੇ ਦੇਵਤੇ ਤੇ ਇਕ ਪਾਸੇ ਦਾਨਵ ਇਸ ਨੇਤਰੇ ਰੂਪੀ ਸ਼ੇਸ਼ਨਾਗ ਨੂੰ ਖਿੱਚਦੇ ਸਨ।

ਇਸ ਕਥਾ ਵਿਚ ‘ਸਮੁੰਦਰ ਮੰਥਨ’ ਗਿਆਨ ਪ੍ਰਾਪਤੀ ਦੀ ਪ੍ਰਕਿਰਿਆ ਦਾ ਚਿਹਨ ਹੈ। ਜਿਸ ਪ੍ਰਕਾਰ ਸਮੁੰਦਰ ਨੂੰ ਮੱਥ ਕੇ ਰਤਨ ਪ੍ਰਾਪਤ ਕੀਤੇ ਗਏ ਉਸੇ ਪ੍ਰਕਾਰ ਆਪਣੇ ਮਸਤਕ ਦਾ ਮੰਥਨ ਕਰਕੇ ਗਿਆਨ ਅਤੇ ਹੋਰ ਰਤਨ ਪ੍ਰਾਪਤ ਕੀਤੇ ਜਾਣੇ ਹਨ। ਇਹ ਦੋ ਮਿੱਥਾਂ ਇਸ਼ਾਰਾ ਕਰਦੀਆਂ ਹਨ ਕਿ ਔਰਤ ਹੁਣ ਗਿਆਨ ਪ੍ਰਾਪਤੀ ਲਈ ਤੀਬਰ ਇੱਛਾ ਰੱਖਦੀ ਸਮਾਜ ਪਹਿਲੇ ਵੇਲਿਆਂ ਤੋਂ ਹੀ ਔਰਤ ਦੇ ਗਿਆਨ ਪ੍ਰਾਪਤ ਕਰਨ ਦਾ ਵਿਰੋਧੀ ਰਿਹਾ ਹੈ। ਇਸੇ ਕਰਕੇ ਗਿਆਨ ਦਾ ਫ਼ਲ ਵਰਜਿਤ ਹੈ। ਦੇਵਤੇ ਅਤੇ ਦਾਨਵ ਵੀ ਪੁਰਸ਼ ਰੂਪ ਵਿਚ ਹੀ ਸਮੁੰਦਰ ਮੰਥਨ ਵਿਚ ਸ਼ਾਮਲ ਹੁੰਦੇ ਹਨ ਅਤੇ ਇਸ ਵਿਚੋਂ ਪ੍ਰਾਪਤ ਹੋਣ ਵਾਲੇ ਰਤਨ ਉੱਪਰ ਵੀ ਪੁਰਸ਼ਾਂ ਦਾ ਹੀ ਅਧਿਕਾਰ ਹੈ। “ਬ੍ਰਾਹਮਣੀ ਚਿੰਤਨ ਚੇਤਨਾ ਨੇ ਵਿਧੀਵਤ ਰੂਪ ਵਿਚ ਅਤੇ ਨੀਤੀਬੱਧ ਸੰਗਠਿਤ ਸੰਜਮ ਦੇ ਰੂਪ ਵਿਚ ਹਮੇਸ਼ਾ ਹੀ ਇਕ ਅਜਿਹੇ ਅਵਚੇਤਨ ਦੀ ਸਿਰਜਣਾ ਕੀਤੀ ਹੈ, ਜਿਸ ਵਿਚ ਔਰਤ ਲਈ ਨਾਰੀ ਰੂਪ ਵਿਚ ਅਜਿਹੇ ਮਾਡਲ ਤੇ ਕੋਡ ਪੇਸ਼ ਕੀਤੇ ਗਏ, ਜਿਸ ਦੀ ਸਹਿਜ ਅਨੁਕ੍ਰਿਤੀ ਇਸਤਰੀ ਦੀ ਕਿਸਮਤ ਨਾਲ ਜੋੜ ਦਿੱਤੀ ਗਈ।”[17]

ਇਸ ਤਰ੍ਹਾਂ ਔਰਤ ਲਗਾਤਾਰ ਦੱਬੀ ਕੁਚਲੀ ਸਥਿਤੀ ਵਿਚ ਜੀਣ ਲਈ ਮਜਬੂਰ ਹੁੰਦੀ ਰਹੀ। ਪਰੰਤੂ ਇਸ ਕਾਵਿ ਪਾਠ ਵਿਚ ਅਸੀਂ ਦੇਖਦੇ ਹਾਂ ਕਿ ਔਰਤ ਆਪਣੇ ਅੰਦਰ ਸਮਾਜ ਦੀਆਂ ਉਹਨਾਂ ਸਭ ਅੰਤਰ-ਵਿਰੋਧੀ ਪ੍ਰਸਥਿਤੀਆਂ ਨੂੰ ਸਮਾ ਸਕਦੀ ਹੈ ਜੋ ਕਦੇ ਵੀ ਇਕ ਥਾਂ ਤੇ ਇਕੱਠੀਆਂ ਨਹੀਂ ਹੁੰਦੀਆਂ। ਔਰਤ ਆਪਣੇ ਬ੍ਰਹਿਮੰਡੀ ਆਪੇ (ੜਥਦਾਰਡ ਣਗਸਪ) ਦੀ ਪਛਾਣ ਕਰਨੀ ਹੈ। ਉਹ ਹੁਣ ਨਵੀਂ ਵਿਦਿਆ ਨਾਲ ਪੈਦਾ ਹੋਏ ਨਵੇਂ ਪੈਰਾਡਾਇਮ ਅਨੁਸਾਰ ਆਪਣੇ ਅਸਤਿਤਵ ਨੂੰ ਜੀਣਾ ਚਾਹੁੰਦੀ ਹੈ, ਉਹ ਅਜ਼ਾਦ ਹੋ ਚੁੱਕੀ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅਮਰ ਜਿਉਤੀ ਨੇ ਆਪਣੀ ਕਵਿਤਾ ਵਿਚ ਮਿੱਥ ਨੂੰ ਆਤਮਸਾਤ ਕੀਤਾ ਹੈ ਪਰੰਤੂ ਉਸਦੇ ਰੂੜ੍ਹ ਹੋ ਚੁੱਕੇ ਅਰਥਾਂ ਦੀ ਪਥਰਾਈ ਹੋਂਦ ਨੂੰ ਨਵੇਂ ਅਰਥਾਂ, ਨਵੇਂ ਪ੍ਰਸੰਗਾਂ ਤੇ ਨਵੇਂ ਪਰਿਪੇਖਾਂ ਵਿਚ ਪੇਸ਼ ਕੀਤਾ ਹੈ ਇਸ ਤਰ੍ਹਾਂ ਮਿੱਥ ਆਪਣਾ ਪੁਰਾਤਨ ਰੂਪ ਤਬਦੀਲ ਕਰਦੀ ਹੈ ਜਿਸਨੂੰ ਅਸੀਂ ਮਿੱਥ ਰੂਪਾਂਤਰਣ ਕਹਿੰਦੇ ਹਾਂ। ਅਮਰ ਜਿਉਤੀ ਆਪਣੀ ਕਵਿਤਾ ਵਿਚ ਮਿੱਥ ਦਾ ਰੂਪਾਂਤਰਣ ਕਰਨ ਵਿਚ ਪੂਰੀ ਤਰ੍ਹਾਂ ਕਾਮਯਾਬ ਹੁੰਦੀ ਹੈ। ਉਸਦੀ ਕਵਿਤਾ ਵਿਚ ਸੀਤਾ, ਦਰੋਪਦੀ, ਹਵਾ ਦੀ ਬੇਟੀ, ਆਦਿ ਮਿਥਾਂ ਨਿਸ਼ਚਿਤ ਤੌਰ ’ਤੇ ਰੂਪਾਂਰਿਤ ਹੋ ਜਾਂਦੀਆਂ ਹਨ ਅਤੇ ਪਾਠਕ ਦੇ ਮਨ ਵਿਚ ਮਿੱਥ ਦੇ ਅਰਥਾਂ ਦੀਆਂ ਨਵੀਨ ਸੰਭਾਵਨਾਵਾਂ ਪ੍ਰਗਟ ਹੋ ਜਾਂਦੀਆਂ ਹਨ ਇਉਂ ਅਮਰ ਜਿਉਤੀ-ਕਾਵਿ ਭਵਿੱਖ ਦੇ ਸਾਹਿਤ ਅਤੇ ਚਿੰਤਨ ਲਈ ਨਵੇਂ ਆਧਾਰ ਪੇਸ਼ ਕਰਦਾ ਹੈ।

## ਹਵਾਲੇ ਤੇ ਟਿੱਪਣੀਆਂ


1. **ਖ਼ਾਮੋਸ਼ੀ ਦੀ ਆਵਾਜ਼**, ਪੰਨਾ 9.
2. **ਉਹੀ**, ਪੰਨਾ 13.
3. **ਪਰਵਾਸੀ ਪੰਜਾਬੀ ਸਾਹਿਤ ਸੰਦਰਭ ਕੋਸ਼ (ਤੀਜਾ ਭਾਗ) ਇਸਤਰੀ ਲੇਖਕ**, ਪੰਨਾ 270.
4. *Women and Power in History*, p. 7.
5. *Standerd Dictionary of Folklore mythology and legends*, p. 40.
6. **ਲੋਕਯਾਨ ਤੇ ਮੱਧ ਕਾਲੀਨ ਪੰਜਾਬੀ ਸਾਹਿਤ**, ਪੰਨਾ 57.
7. **Quest For myth**, p. 73.
8. **ਦਰੋਪਦੀ ਤੋਂ ਦੁਰਗਾ**, ਪੰਨਾ 14.
9. **ਹਿੰਦੂ ਮਿਥਿਹਾਸ ਕੋਸ਼**, ਪੰਨਾ 284.
10. **ਹਿੰਦੂ ਮਿਥਿਹਾਸ ਕੋਸ਼**, ਪੰਨਾ 298.
11. **ਹਿੰਦੂ ਮਿਥਿਹਾਸ ਕੋਸ਼**, ਪੰਨਾ 127.
12. **ਸ੍ਰੀ ਮਦ ਵਾਲਮੀਕੀਯ ਰਾਮਾਯਣ**, ਟੀਕਾਕਾਰ ਸ੍ਰੀ ਰਾਮ ਤੇਜ ਪਾਂਡੇਯ, ਪੰਨੇ 1581,82.
13. *Feminism*, Page 1.
14. *Women and Power in History*, Amany de Reincourt, p. 69.
15. **ਮੈਨੂੰ ਸੀਤਾ ਨਾ ਕਹੋ**, ਪੰਨਾ 8.
16. **ਦਰੋਪਦੀ ਤੋਂ ਦੁਰਗਾ**, ਪੰਨਾ 13.
17. **ਪਰਵਾਸੀ ਪੰਜਾਬੀ ਸਾਹਿਤ ਸੰਦਰਭ ਕੋਸ਼**, ਪੰਨਾ 10.